# ਆਟਿਸਟਿਕ

# ਸਪੈਕਟ੍ਰਮ ਵਿਗਾੜ

## ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਲਈ ਗਾਈਡ

**ਜੇ ਤੁਹਾਡੇ ਬੱਚੇ ਨੂੰ ਹਾਲ ਵਿਚ ਹੀ ਆਟਿਸਟਿਕ ਹੋਣ ਜਾਂ ਆਟਿਸਟਿਕ ਝੁਕਾਵਾਂ ਵਾਲਾ ਹੋਣ ਵਜੋਂ ਤਸ਼ਖ਼ੀਸ ਕੀਤੀ ਗਈ ਹੈ - ਜਾਂ ਸ਼ਾਇਦ ਤੁਹਾਡਾ ਸ਼ਕ ਹੈ ਕਿ ਉਸ ਨੂੰ ਆਟਿਜ਼ਮ ਹੈ - ਤਾਂ ਤੁਹਾਨੂੰ ਕਈ ਸਵਾਲ ਪੁਛਣੇ ਹੋਣਗੇ। ਤੁਸੀਂ ਇਹ ਜਾਣਨਾ ਚਾਹੋਗੇ, ਕਿ ਆਟਿਜ਼ਮ ਦਾ ਤੁਹਾਡੇ ਬੱਚੇ ਲਈ ਕੀ ਅਰਥ ਹੈ, ਅਤੇ ਸਮੁੱਚੇ ਪਰਿਵਾਰ 'ਤੇ ਇਸ ਦਾ ਕੀ ਪ੍ਰਭਾਵ ਪੈ ਸਕਦਾ ਹੈ।**

ਪਹਿਲਾਂ ਅਸੀਂ ਇਨ੍ਹਾਂ ਦੋ ਗੱਲਾਂ 'ਤੇ ਜ਼ੋਰ ਦੇਣਾ ਚਾਹਵਾਂਗੇ :

- **ਇਸ ਵਿਚ ਤੁਹਾਡਾ ਕੋਈ ਕਸੂਰ ਨਹੀਂ!**

ਤੁਸੀਂ ਆਪਣੇ ਬੱਚੇ ਦੀ ਜਿਸ ਤਰੀਕੇ ਨਾਲ ਪਰਵਰਿਸ਼ ਕਰ ਰਹੇ ਹੋ, ਆਟਿਜ਼ਮ ਦਾ ਉਸ ਨਾਲ ਕੋਈ ਵਾਸਤਾ ਨਹੀਂ। ਆਟਿਜ਼ਮ ਵਾਲੇ ਬੱਚਿਆਂ ਦੇ ਮਾਪੇ ਹੋਰ ਸਭ ਲੋਕਾਂ ਵਰਗੇ ਹੀ ਹਨ।

- **ਤੁਸੀਂ ਇਕੱਲੇ ਨਹੀਂ।**

ਬਰਤਾਨੀਆ ਵਿਚ 500,000 ਤੋਂ ਵੱਧ ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਆਟਿਜ਼ਮ ਦੀ ਪੁਰਾਣੀ ਤਕਲੀਫ਼ ਹੈ, ਜਾਂ ਜਿਨ੍ਹਾਂ ਵਿਚ ਆਟਿਸਟਿਕ ਝੁਕਾਅ ਹਨ। ਤੁਹਾਡੇ ਬੱਚੇ ਸਮੇਤ ਹਰ ਇਕ ਦਾ ਵਿਵਹਾਰ ਅਨੋਖਾ ਹੋਏਗਾ, ਪਰ ਅੰਤਰੀਵ ਸਾਂਝੀਆਂ ਸਮੱਸਿਆਵਾਂ ਸਮੁੱਚੇ ਗਰੁਪ ਵਿਚ ਸਾਂਝ ਪੈਦਾ ਕਰਦੀਆਂ ਹਨ। ਬੀਤੇ ਸਮੇਂ ਵਿਚ ਆਟਿਜ਼ਮ ਸੰਬੰਧੀ ਵੱਡੇ ਪੈਮਾਨੇ 'ਤੇ ਅਗਿਆਨਤਾ ਪਾਈ ਜਾਂਦੀ ਸੀ, ਪਰ ਅੱਜ ਆਟਿਜ਼ਮ ਵਾਲੇ ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਅਤੇ ਉਨ੍ਹਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਜਾਗਰੂਕਤਾ ਅਤੇ ਆਟਿਜ਼ਮ ਦੇ ਖੇਤਰ ਵਿਚ ਵਿਸ਼ੇਸ਼ਗਾਂ ਦੀ ਗਿਣਤੀ ਵੱਧ ਰਹੀ ਹੈ। ਨੈਸ਼ਨਲ ਆਟਿਸਟਿਕ ਸੋਸਾਇਟੀ, ਜਿਸ ਦੇ ਦੇਸ਼ ਭਰ ਵਿਚ 6,000 ਤੋਂ ਵੱਧ ਮੈਂਬਰ ਹਨ ਅਤੇ ਕਈ ਸੰਪਰਕ ਹਨ, ਆਟਿਸਟਿਕ ਸਪੈਕਟ੍ਰਮ ਵਿਕਾਰ ਵਾਲੇ ਲੋਕਾਂ ਦੀਆਂ ਗੁੰਝਲਦਾਰ ਲੋੜਾਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਦੀ ਪ੍ਰਤੀਨਿਧਤਾ ਕਰਨ ਦਾ ਜਤਨ ਕਰਦੀ ਹੈ, ਅਤੇ ਇਹਦੇ ਲਈ ਤਸ਼ਖ਼ੀਸ, ਉਪਲਬਧ ਸੇਵਾਵਾਂ ਅਤੇ ਵਿਦਿਆ ਬਾਰੇ ਬਹੁਤ ਸਾਰੀ ਸੂਚਨਾ ਅਤੇ ਸਲਾਹ ਉਪਲਬਧ ਕਰਾਉਂਦੀ ਹੈ।

ਇਹ ਕੁਝ ਸਵਾਲ ਹਨ, ਜੋ ਅਕਸਰ ਸਾਡੇ ਕੋਲੋਂ ਪੁਛੇ ਜਾਂਦੇ ਹਨ – ਪਰ ਮਿਹਰਬਾਨੀ ਕਰਕੇ ਯਾਦ ਰੱਖੋ ਕਿ ਜੇ ਤੁਸੀਂ ਆਟਿਜ਼ਮ ਜਾਂ ਐਸਪਰਜਰ ਸਿੰਡਰੋਮ ਦੇ ਕਿਸੇ ਵੀ ਪਹਿਲੂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੋਗੇ, ਤਾਂ ਅਸੀਂ ਤੁਹਾਨੂੰ ਮਦਦ ਦੇਣ ਲਈ ਪੂਰਾ ਜਤਨ ਕਰਾਂਗੇ।

## ਆਟਿਜ਼ਮ ਕੀ ਹੈ ?

ਆਟਿਜ਼ਮ ਜ਼ਿੰਦਗੀ ਭਰ ਦੀ ਵਿਕਾਸ ਅਸਮੱਰਥਾ ਹੈ, ਜਿਸ ਦਾ ਸਮਾਜਕ ਅਤੇ ਬੋਲਚਾਲ ਦੀ ਯੋਗਤਾ 'ਤੇ ਅਸਰ ਪੈਂਦਾ ਹੈ। ਆਟਿਜ਼ਮ ਵਾਲੇ ਲੋਕਾਂ ਵਿਚ ਇਸ ਦੇ ਨਾਲ ਅਕਸਰ ਸਿੱਖਣ ਦੀਆਂ ਅਯੋਗਤਾਵਾਂ ਹੁੰਦੀਆਂ ਹਨ। ਪਰ ਉਨ੍ਹਾਂ ਦੀ ਬੁੱਧੀ ਦੀ ਆਮ ਪੱਧਰ ਕੁਝ ਵੀ ਹੋਏ, ਉਨ੍ਹਾਂ ਦੀ ਇਕ ਸਾਂਝੀ ਮੁਸ਼ਕਲ ਇਹ ਹੁੰਦੀ ਹੈ, ਕਿ ਉਹ ਦੁਨੀਆ ਨੂੰ ਉਸ ਤਰ੍ਹਾਂ ਨਹੀਂ ਸਮਝਦੇ, ਜਿਸ ਤਰ੍ਹਾਂ ਕਿ ਬਹੁਤ ਲੋਕ ਸਮਝਦੇ ਹਨ। ਆਟਿਜ਼ਮ ਵਾਲੇ ਬਹੁਤੇ ਬੱਚਿਆਂ ਵਿਚ ਕੁਝ ਤਰ੍ਹਾਂ ਦੇ ਹੁਨਰ ਹੋਰਨਾਂ ਨਾਲੋਂ ਵਧੇਰੇ ਹੁੰਦੇ ਹਨ, ਅਤੇ ਇਸ ਤਰ੍ਹਾਂ ਉਨ੍ਹਾਂ ਦੇ ਵਿਕਾਸ ਦੀ ਚਾਲ, ਆਮ ਨਾਲੋਂ ਨਾ ਸਿਰਫ਼ ਘੱਟ ਹੋਏਗੀ, ਸਗੋਂ ਅਸਾਂਵੀਂ ਅਤੇ ਸਿੱਖਣ ਦੀਆਂ ਅਯੋਗਤਾਵਾਂ ਵਾਲੇ ਹੋਰ ਬਹੁਤ ਸਾਰੇ ਬੱਚਿਆਂ ਨਾਲੋਂ ਵੱਖਰੀ ਤਰ੍ਹਾਂ ਦੀ ਹੋਏਗੀ।

ਹੇਠਾਂ ਦਿੱਤੇ ਗਏ ਲਘੂ ਚਿੱਤਰ ਆਟਿਜ਼ਮ ਨਾਲ ਸੰਬੰਧਤ ਵੱਖ-ਵੱਖ ਤਰ੍ਹਾਂ ਦੇ ਲੱਛਣਾਂ ਵਿਚੋਂ ਕੁਝ ਨੂੰ ਦਰਸਾਉਂਦੇ ਹਨ। ਆਟਿਜ਼ਮ ਦੀ ਇਕ ਕਿਸਮ ਨੂੰ **ਐਸਪਰਜਰ ਸਿੰਡ੍ਰੋਮ** ਕਿਹਾ ਜਾਂਦਾ ਹੈ। ਇਹ ਉਨ੍ਹਾਂ ਵਿਅਕਤੀਆਂ ਨੂੰ ਹੁੰਦਾ ਹੈ, ਜਿਨ੍ਹਾਂ ਨੂੰ ਆਟਿਸਟਿਕ ਸਪੈਕਟ੍ਰਮ ਦਾ ਤੀਬਰ ਅਸਰ ਨਾ ਹੋਇਆ ਹੋਵੇ। [ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡਾ ਲੀਫ਼ਲੈਟ ਮੰਗਵਾਉ, ਜਿਸ ਦਾ ਸਿਰਲੇਖ ਹੈ *"ਐਸਪਰਜਰ ਸਿੰਡ੍ਰੋਮ ਕੀ ਹੈ?"* (What is Asperger syndrome)]

## ਆਟਿਜ਼ਮ ਦੇ ਲੱਛਣ ਕੀ ਹਨ ?

ਆਟਿਸਟਿਕ ਸਪੈਕਟ੍ਰਮ ਵਿਗਾੜ ਵਾਲੇ ਵਿਅਕਤੀ ਵੱਖ-ਵੱਖ ਹੱਦ ਤਕ ਪ੍ਰਭਾਵਤ ਹੁੰਦੇ ਹਨ, ਪਰ ਇਨ੍ਹਾਂ ਸਾਰਿਆਂ ਵਿਚ ਕਮਜ਼ੋਰੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਕਮਜ਼ੋਰੀਆਂ ਦੀ ਤਿਕੜੀ ਕਿਹਾ ਜਾਂਦਾ ਹੈ। ਇਸ ਦਾ ਨਿਮਨਲਿਖਿਤ 'ਤੇ ਅਸਰ ਪੈਂਦਾ ਹੈ :

- **ਸਮਾਜਕ ਮੇਲਜੋਲ** (ਸਮਾਜਕ ਸੰਬੰਧਾਂ ਵਿਚ ਕਠਿਨਾਈ)
- **ਸਮਾਜਕ ਬੋਲਚਾਲ** (ਮੌਖਿਕ ਅਤੇ ਗ਼ੈਰ ਮੌਖਿਕ ਸੰਚਾਰ ਵਿਚ ਕਠਿਨਾਈ)
- **ਕਲਪਨਾ** (ਖੇਡ ਅਤੇ ਕਲਪਨਾ ਦੇ ਵਿਕਾਸ ਵਿਚ ਕਠਿਨਾਈ)

ਇਸ ਤਿਕੜੀ ਤੋਂ ਇਲਾਵਾ ਇਕ ਅਹਿਮ ਪੱਖ ਵਰਤਾਰੇ ਵਿਚ ਦੋਹਰਾਉ ਦਾ ਅਤੇ ਨਿਤ ਦਿਨ ਦੀਆਂ ਸਰਗਰਮੀਆਂ ਵਿਚ ਤਬਦੀਲੀ ਦਾ ਵਿਰੋਧ ਕਰਨਾ ਹੈ।

## ਇਨ੍ਹਾਂ ਲਘੂ ਚਿਤਰਾਂ ਵਿਚ ਆਟਿਜ਼ਮ ਦੇ ਪ੍ਰਗਟ ਹੋਣ ਦੇ ਕੁਝ ਢੰਗ ਦਰਸਾਏ ਗਏ ਹਨ



**ਅਰੁਚੀ ਦਾ ਪ੍ਰਗਟਾਅ**



**ਕੇਵਲ ਤਾਂ ਹੀ ਸ਼ਾਮਲ ਹੁੰਦਾ ਹੈ, ਜੇਕਰ ਬਾਲਗ਼ ਜ਼ੋਰ ਦਏ ਅਤੇ ਮਦਦ ਕਰੇ**



**ਬਾਲਗ਼ ਦੇ ਹੱਥ ਦੀ ਵਰਤੋਂ ਦੁਆਰਾ ਲੋੜਾਂ ਦਾ ਪ੍ਰਗਟਾਅ**




**ਇਕ-ਤਰਫ਼ਾ ਮੇਲ-ਜੋਲ**



**ਹੋਰ ਬੱਚਿਆਂ ਨਾਲ ਨਹੀਂ ਖੇਡਦਾ**




**ਇਕੋਲੈਲਿਕ - ਤੋਤੇ ਵਾਂਗ ਨਕਲ ਲਾ ਕੇ ਸ਼ਬਦ ਬੋਲਣਾ**



**ਇਕੋ ਵਿਸ਼ੇ ਬਾਰੇ ਲਗਾਤਾਰ ਬੋਲਦਾ ਹੈ**



**ਅਜੀਬ ਜਿਹਾ ਵਿਵਹਾਰ**



**ਚੀਜ਼ਾਂ ਨੂੰ ਫੜਦਾ ਹੈ ਜਾਂ ਵਗਾਹ ਮਾਰਦਾ ਹੈ**



**ਸਿਰਜਨਾ ਦੀ ਘਾਟ ਖੇਡ ਦਾ ਵਿਖਾਵਾ**




**ਜਾਣਿਆ ਪਛਾਣਿਆ ਰਸਤਾ - ਹੋਰ ਰਸਤਾ ਭਿੰਨਤਾ ਵਿਚ ਕੋਈ ਸੁਆਦ ਨਹੀਂ**



**ਅੱਖ ਨਹੀਂ ਮਿਲਾਉਂਦਾ**



**ਬੇਮੌਕਾ ਹਸਣਾ ਜਾਂ ਖੀ ਖੀ ਕਰਨਾ**



**ਪਰ ਕੁਝ ਬੱਚੇ ਕੁਝ ਤਰ੍ਹਾਂ ਦੇ ਕੰਮ ਬੜੀ ਚੰਗੀ ਤਰ੍ਹਾਂ, ਬੜੀ ਛੇਤੀ ਕਰਦੇ ਹਨ, ਪਰ ਉਹ ਨਹੀਂ ਜਿਨ੍ਹਾਂ ਵਿਚ ਸਮਾਜਕ ਸੂਝ ਸਿਆਣਪ ਦੀ ਲੋੜ ਹੋਏ**

## ਆਟਿਜ਼ਮ ਕਿਉਂ ਹੁੰਦਾ ਹੈ ?

ਇਹ ਸਵਾਲ ਹਰ ਕੋਈ ਪੁੱਛਦਾ ਹੈ। ਬਦਕਿਸਮਤੀ ਨਾਲ ਇਹ ਉਨ੍ਹਾਂ ਸਵਾਲਾਂ ਵਿਚੋਂ ਇਕ ਹੈ, ਜਿਨ੍ਹਾਂ ਦਾ ਜਵਾਬ ਦੇਣਾ ਸਭ ਤੋਂ ਔਖਾ ਹੈ, ਕਿਉਂਕਿ ਹੋ ਸਕਦਾ ਹੈ ਕਿ ਵਿਵਹਾਰ ਦਾ ਨਮੂਨਾ, ਜਿਸ ਤੋਂ ਆਟਿਜ਼ਮ ਦੀ ਤਸ਼ਖ਼ੀਸ ਹੁੰਦੀ ਹੈ, ਕਿਸੇ ਇਕ ਕਾਰਨ ਦਾ ਨਤੀਜਾ ਨਾ ਹੋਏ।

ਪਰ ਇਸ ਗੱਲ ਦੇ ਕਾਫ਼ੀ ਸਬੂਤ ਹਨ, ਕਿ ਆਟਿਜ਼ਮ ਕਈ ਸਰੀਰਕ ਕਾਰਨਾਂ ਕਰਕੇ ਹੋ ਸਕਦਾ ਹੈ, ਜਿਨ੍ਹਾਂ ਸਾਰਿਆਂ ਦਾ ਦਿਮਾਗ਼ ਦੇ ਵਿਕਾਸ 'ਤੇ ਅਸਰ ਪੈਂਦਾ ਹੈ। ਇਸ ਦਾ ਕਾਰਨ ਜਜ਼ਬਾਤੀ ਸਮੱਸਿਆਵਾਂ ਜਾਂ ਜਜ਼ਬਾਤੀ ਵੰਚਨਾ ਨਹੀਂ ਹੈ। ਆਟਿਜ਼ਮ ਤਕਰੀਬਨ ਹਮੇਸ਼ਾ ਹੀ ਤਿੰਨ ਸਾਲ ਦੀ ਉਮਰ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ।

ਲੜਕੀਆਂ ਨਾਲੋਂ ਚਾਰ ਗੁਣਾਂ ਵੱਧ ਲੜਕੇ ਇਸ ਦੇ ਪ੍ਰਭਾਵ ਹੇਠ ਆਉਂਦੇ ਹਨ, ਅਤੇ ਕਿਸੇ ਵੀ ਵਰਗ ਜਾਂ ਨਸਲ ਦੇ ਲੋਕ ਇਸ ਦਾ ਸ਼ਿਕਾਰ ਹੋ ਸਕਦੇ ਹਨ।

## ਪੂਰਵ ਲੱਛਣ ਕੀ ਹਨ ?

ਆਟਿਜ਼ਮ ਠੀਕ ਨਹੀਂ ਹੋ ਸਕਦਾ, ਪਰ ਇਸ ਦਾ ਇਲਾਜ ਹੋ ਸਕਦਾ ਹੈ, ਖ਼ਾਸ ਕਰਕੇ ਜੇ ਇਸ ਦੀ ਜੀਵਨ ਦੇ ਸ਼ੁਰੂ ਵਿਚ ਹੀ ਤਸ਼ਖ਼ੀਸ ਹੋ ਜਾਏ।

## ਤਸ਼ਖ਼ੀਸ ਲਈ ਮੈਂ ਕਿਸ ਕੋਲ ਜਾਵਾਂ ?

ਜੇਕਰ ਤੁਹਾਨੂੰ ਆਪਣੇ ਬੱਚੇ ਵਿਚ ਆਟਿਸਟਿਕ ਸਪੈਕਟ੍ਰਮ ਵਿਗਾੜ ਹੋਣ ਦਾ ਸ਼ਕ ਹੋਏ, ਤਾਂ ਤੁਹਾਨੂੰ ਜਿੰਨੀ ਛੇਤੀ ਹੋ ਸਕੇ ਉਸ ਨੂੰ ਵਿਸ਼ੇਸ਼ਗ ਕੋਲੋਂ ਤਸ਼ਖ਼ੀਸ ਕਰਾਉਣ ਅਤੇ ਜਾਇਜ਼ੇ ਲਈ ਲੈ ਕੇ ਜਾਣਾ ਚਾਹੀਦਾ ਹੈ। ਪਹਿਲਾਂ ਆਪਣੇ ਸਥਾਨਕ ਜੀ.ਪੀ. ਕੋਲ ਲੈ ਕੇ ਜਾਉ, ਜੋ ਉਸ ਨੂੰ ਅਗੋਂ ਕਿਸੇ ਸਥਾਨਕ ਵਿਸ਼ੇਸ਼ਗ ਕੋਲ ਭੇਜ ਸਕੇਗਾ।

## ਵਿਦਿਆ

1996 ਦੇ ਵਿਦਿਆ ਐਕਟ ਦੇ ਤਹਿਤ, ਸਥਾਨਕ ਵਿਦਿਆ ਅਧਿਕਾਰੀਆਂ ਵਲੋਂ, ਜਿਸ ਕਿਸੇ ਲਈ ਵਿਸ਼ੇਸ਼ ਵਿਦਿਆ ਦੀ ਜ਼ਰੂਰਤ ਹੋਏ, ਜਾਇਜ਼ਾ ਲੈਣ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ। ਕੁਝ ਹਾਲਤਾਂ ਵਿਚ ਬੱਚੇ ਨੂੰ ਵਿਸੇਸ਼ਗ ਸੈਂਟਰ ਵਿਚ ਭੇਜਣਾ ਜ਼ਰੂਰੀ ਹੋ ਸਕਦਾ ਹੈ, ਕਿਉਂਕਿ ਕਈ ਵਾਰ ਸਥਾਨਕ ਪੇਸ਼ਾਵਰ ਵਿਅਕਤੀ, ਆਟਿਸਟਿਕ ਸਪੈਕਟ੍ਰਮ ਦੇ ਹਾਲਾਤ ਤੋਂ ਵਾਕਿਫ਼ ਨਹੀਂ ਹੁੰਦੇ।

ਆਟਿਜ਼ਮ ਵਾਲੇ ਬੱਚਿਆਂ ਦੀਆਂ ਬਹੁਤ ਹੀ ਵੱਖਰੀ-ਵੱਖਰੀ ਕਿਸਮ ਦੀਆਂ ਵਿਦਿਅਕ ਜ਼ਰੂਰਤਾਂ ਹੁੰਦੀਆਂ ਹਨ, ਇਸ ਲਈ ਉਨ੍ਹਾਂ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੇ ਵਿਕਲਪ ਚਾਹੀਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਦੇ ਹੁਨਰਾਂ ਅਤੇ ਲੋੜਾਂ ਦਾ ਜਾਇਜ਼ਾ ਲੈ ਕੇ ਇਹ ਫ਼ੈਸਲਾ ਕੀਤਾ ਜਾਏ ਕਿ ਉਹਦੇ ਲਈ ਵਿਦਿਆ ਦਾ ਕਿਹੜਾ ਸਿਲਸਲਾ ਸਭ ਤੋਂ ਢੁਕਵਾਂ ਹੈ। ਮਾਤਾ-ਪਿਤਾ ਅਤੇ ਵੇਖਭਾਲ ਕਰਨ ਵਾਲਿਆਂ ਦੀ, ਜਾਇਜ਼ੇ ਦੀ ਇਸ ਪ੍ਰਕਿਰਿਆ ਵਿਚ ਇਕ ਮਹਤੱਵਪੂਰਣ ਭੂਮਿਕਾ ਹੈ ਅਤੇ ਨੈਸ਼ਨਲ ਆਟਿਸਟਿਕ ਸੋਸਾਇਟੀ (N A S) ਮਾਪਿਆਂ ਨੂੰ, ਜਦੋਂ ਵੀ ਸੰਭਵ ਹੋਏ ਇਸ ਕਾਰਜ ਵਿਧੀ ਬਾਰੇ ਸਲਾਹ ਦੇਣ ਦਾ ਹਮੇਸ਼ਾ ਜਤਨ ਕਰੇਗੀ।

## ਸਪੈਕਟ੍ਰਮ ਵਿਗਾੜ

***ਆਟਿਜ਼ਮ, ਇਕ ਸਪੈਕਟ੍ਰਮ ਵਿਗਾੜ ਹੈ, ਜਿਸ ਵਿਚ ਇਸਦੀ ਤੀਬਰਤਾ ਭਿੰਨ-ਭਿੰਨ ਹੱਦ ਤਕ ਹੋ ਸਕਦੀ ਹੈ। 'ਆਟਿਸਟਿਕ ਸਪੈਕਟ੍ਰਮ ਵਿਗਾੜ' ਅਕਸਰ ਤਕਲੀਫ਼ ਦੀ ਤੀਬਰਤਾ ਦੀਆਂ ਸਾਰੀਆਂ ਹੱਦਾਂ ਦੇ ਵਰਨਣ ਲਈ ਵਰਤਿਆ ਜਾਂਦਾ ਹੈ।***

ਅਜਿਹੇ ਜਾਇਜ਼ੇ ਦੇ ਆਧਾਰ 'ਤੇ, ਤੁਹਾਡੇ ਬੱਚੇ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਭ ਤੋਂ ਢੁਕਵੇਂ ਢੰਗ ਸੰਬੰਧੀ ਫ਼ੈਸਲੇ ਕੀਤੇ ਜਾ ਸਕਦੇ ਹਨ। ਇਕ ਵਿਕਲਪ ਇਹ ਹੋ ਸਕਦਾ ਹੈ, ਕਿ ਸਿੱਖਣ ਦੀਆਂ ਕਠਿਨਾਈਆਂ ਵਾਲੇ ਹੋਰ ਬੱਚਿਆਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਵਰਤੋਂ ਕੀਤੀ ਜਾਏ। ਇਕ ਹੋਰ ਵਿਕਲਪ, ਆਟਿਸਟਿਕ ਸਪੈਕਟ੍ਰਮ ਵਿਗਾੜ ਵਾਲੇ ਬੱਚਿਆਂ ਲਈ ਇਕ ਵਿਸ਼ੇਸ਼ਗ ਸਕੂਲ ਜਾਂ ਯੂਨਿਟ ਹੋ ਸਕਦਾ ਹੈ, ਅਤੇ ਤੀਜਾ ਰਾਹ ਇਹ ਹੋ ਸਕਦਾ ਹੈ, ਕਿ ਉਸ ਨੂੰ ਮੁਖ ਧਾਰਾ ਦੀ ਵਿਦਿਅਕ ਪ੍ਰਣਾਲੀ ਵਿਚ ਹੀ ਰੱਖਿਆ ਜਾਏ ਅਤੇ ਨਾਲ ਵਾਧੂ ਸਹਾਇਤਾ ਦਾ ਪ੍ਰਬੰਧ ਕੀਤਾ ਜਾਏ। ਸਭ ਤੋਂ ਅਹਿਮ ਗੱਲ ਇਹ ਹੈ ਕਿ ਤੁਹਾਡੇ ਬੱਚੇ ਦੀਆਂ ਵਿਸ਼ੇਸ਼ ਲੋੜਾਂ ਨੂੰ ਸਮਝਿਆ ਜਾਏ ਅਤੇ ਉਹ ਪੂਰੀਆਂ ਕੀਤੀਆਂ ਜਾਣ।

ਵਿਦਿਆ ਅਤੇ ਪ੍ਰਬੰਧਨ ਪ੍ਰੋਗਰਾਮਾਂ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਥੈਰਿਪੀਆਂ ਵੀ ਅਜ਼ਮਾਈਆਂ ਗਈਆਂ ਹਨ। ਕਈ ਵਾਰ ਮਾਪਿਆਂ ਨੇ ਅਨੁਭਵ ਕੀਤਾ ਹੈ ਕਿ ਇਕ ਖ਼ਾਸ ਥੈਰਿਪੀ ਫ਼ਾਇਦੇਮੰਦ ਸਾਬਤ ਹੋਈ ਹੈ – ਪਰ ਬਦਕਿਸਮਤੀ ਨਾਲ ਕੋਈ ਇਕ ਤਰੀਕਾ ਸਾਰਿਆਂ ਲਈ ਕਾਮਯਾਬ ਸਾਬਤ ਨਹੀਂ ਹੋਇਆ।

ਮਾਪਿਆਂ ਨੂੰ ਸੂਚਨਾ ਅਤੇ ਸਲਾਹ ਦੇਣ ਵਾਲੀ ਇਕ ਨੈਸ਼ਨਲ ਸੋਸਾਇਟੀ ਦੀ ਹੈਸੀਅਤ ਵਿਚ, ਇਹ ਜ਼ਰੂਰੀ ਹੈ ਕਿ ਅਸੀਂ ਇਲਾਜ ਦੇ ਕਿਸੇ ਅਜਿਹੇ ਤਰੀਕੇ ਦੀ, ਜਿਸ ਦਾ ਮੁਲਾਂਕਣ ਨਹੀਂ ਹੋਇਆ, ਵਕਾਲਤ ਕਰਨ ਦੇ ਸੰਬੰਧ ਵਿਚ ਚੌਕਸ ਰਹੀਏ। ਜਦੋਂ ਕੋਈ ਮਾਤਾ-ਪਿਤਾ ਆਪਣੇ ਬੱਚੇ ਲਈ ਇਕ ਖ਼ਾਸ ਥੈਰਿਪੀ ਜਾਂ ਪ੍ਰਬੰਧਨ ਤਕਨੀਕ ਅਜ਼ਮਾਉਣ ਦਾ ਫ਼ੈਸਲਾ ਕਰਦੇ ਹਨ, ਤਾਂ ਕੁਦਰਤੀ ਤੌਰ 'ਤੇ ਅਸੀਂ ਉਨ੍ਹਾਂ ਦੀ ਚੋਣ ਦਾ ਸਮਰਥਨ ਕਰਾਂਗੇ, ਅਤੇ ਉਨ੍ਹਾਂ ਸਾਰੇ ਤਰੀਕਿਆਂ ਅਤੇ ਇਲਾਜਾਂ ਦੀ ਜਾਣਕਾਰੀ ਦਿਆਂਗੇ, ਜਿਨ੍ਹਾਂ ਦਾ ਸਾਨੂੰ ਪਤਾ ਹੈ।

*ਆਟਿਜ਼ਮ ਹੋਣ ਵਿਚ ਅਤੇ ਇਕ ਆਟਿਸਟਿਕ ਬੱਚੇ ਦੇ ਮਾਤਾ-ਪਿਤਾ ਹੋਣ ਵਿਚ ਕਈ ਊਣਤਾਈਆਂ ਹਨ। ਪਰ ਇਸ ਦੇ ਕਈ ਹਾਂ-ਪੱਖੀ ਪਹਿਲੂ ਵੀ ਹਨ। ਮੇਰਾ ਬੱਚਾ ਇਕ ਸੁੰਦਰ ਬਾਲਕ ਹੈ ਅਤੇ ਉਸ ਦੀ ਪਿਆਰੀ ਸ਼ਖ਼ਸੀਅਤ ਹੈ, ਅਤੇ ਇਕ ਆਮ ਬੱਚੇ ਦੇ ਉਲਟ ਉਹ ਆਪਣੀ ਤਰ੍ਹਾਂ ਬਹੁਤ ਹੀ ਪਿਆਰ ਕਰਨ ਵਾਲਾ ਹੈ।*

ਇੱਕ ਮਾਤਾ-ਪਿਤਾ ਦਾ ਕਥਨ

## ਮਦਦ ਲਈ ਕੀ ਕੀਤਾ ਜਾ ਸਕਦਾ ਹੈ ?

### ਤੁਹਾਡੇ ਵਲੋਂ

ਤੁਹਾਨੂੰ ਆਪਣੇ ਬੱਚੇ ਬਾਰੇ, ਖ਼ਾਸ ਕਰਕੇ ਉਦੋਂ ਜਦੋਂ ਸਵਾਲ ਉਸਦੀਆਂ ਵਿਸ਼ੇਸ਼ ਸਮੱਸਿਆਵਾਂ ਦਾ, ਪਸੰਦ ਅਤੇ ਨਾਪਸੰਦ ਦਾ ਹੈ, ਹੋਰ ਕਿਸੇ ਨਾਲੋਂ ਜ਼ਿਆਦਾ ਜਾਣਕਾਰੀ ਹੈ। ਹੋਰ ਬੱਚਿਆਂ ਵਾਂਗ, ਆਟਿਜ਼ਮ ਵਾਲਾ ਬੱਚਾ ਇਕ ਵਿਲੱਖਣ ਵਿਅਕਤੀ ਹੈ ਅਤੇ ਤੁਸੀਂ, ਮਾਤਾ-ਪਿਤਾ ਜਾਂ ਵੇਖਭਾਲ ਕਰਨ ਵਾਲੇ ਦੀ ਹੈਸੀਅਤ ਵਿਚ, ਵਿਸ਼ੇਸ਼ਗ ਹੋ। ਵਿਦਿਆ ਸਹਾਈ ਹੋ ਸਕਦੀ ਹੈ ਅਤੇ ਮਾਤਾ-ਪਿਤਾ, ਆਪਣੇ ਬੱਚੇ ਦੇ ਨਾ ਕੇਵਲ ਕੁਦਰਤੀ ਤੌਰ 'ਤੇ ਪ੍ਰਥਮ ਅਧਿਆਪਕ ਹੀ ਹੁੰਦੇ ਹਨ, ਸਗੋਂ ਬੱਚੇ ਦੇ ਵਿਕਾਸ ਦੀ ਪੂਰੀ ਪ੍ਰਕਿਰਿਆ ਦੌਰਾਨ ਮਦਦ ਦਿੰਦੇ ਰਹਿ ਸਕਦੇ ਹਨ।

ਮਿਸਾਲ ਵਜੋਂ ਸਵੈ-ਸਹਾਇਤਾ ਦੇ ਹੁਨਰਾਂ ਦੀ ਸਿੱਖਿਆ ਆਟਿਜ਼ਮ ਵਾਲੇ ਬੱਚੇ ਦੀ ਸਿੱਖਿਆ ਦਾ ਇਕ ਜ਼ਰੂਰੀ ਪਹਿਲੂ ਹੈ, ਕਿਉਂਕਿ ਇਨ੍ਹਾਂ ਨਾਲ ਬੱਚੇ ਨੂੰ ਵੱਧ ਤੋਂ ਵੱਧ ਹਦ ਤਕ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿਚ ਮਦਦ ਮਿਲ ਸਕਦੀ ਹੈ ਅਤੇ ਹਰ ਇਕ ਲਈ ਜ਼ਿੰਦਗੀ ਸੌਖੀ ਹੋ ਸਕਦੀ ਹੈ।

ਇਹ ਯਾਦ ਰੱਖਣਾ ਵੀ ਸ਼ਾਇਦ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਪਰਿਵਾਰਕ ਇਕਾਈ ਦਾ ਇਕ ਹਿੱਸਾ ਹੈ ਅਤੇ ਉਸਦੀਆਂ ਜ਼ਰੂਰਤਾਂ ਅਤੇ ਹੋਰ ਭੈਣਾਂ ਭਰਾਵਾਂ ਦੀਆਂ ਜ਼ਰੂਰਤਾਂ ਵਿਚਕਾਰ ਸੰਤੁਲਨ ਰੱਖਿਆ ਜਾਣਾ ਚਾਹੀਦਾ ਹੈ।

### ਹੋਰਨਾਂ ਵਲੋਂ

ਕਿਉਂਕਿ ਤੁਹਾਡਾ ਬੱਚਾ, ਹੋਰ ਸਾਧਾਰਣ ਬੱਚਿਆਂ ਵਰਗਾ ਹੀ ਨਜ਼ਰ ਆਉਂਦਾ ਹੈ, ਇਸ ਲਈ ਤੁਹਾਡੇ ਵਾਸਤੇ ਦੂਜਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰਨਾ ਔਖਾ ਹੋ ਸਕਦਾ ਹੈ ਕਿ ਉਸਦੀਆਂ ਵਿਸ਼ੇਸ਼ ਜ਼ਰੂਰਤਾਂ ਹਨ। ਇਸ ਕਰਕੇ ਮਾਤਾ-ਪਿਤਾ ਨੂੰ ਅਕਸਰ ਇਕ ਹੱਦ ਤਕ ਸਿਖਿਆਕਾਰ ਦਾ ਰੋਲ ਅਦਾ ਕਰਨਾ ਪੈ ਸਕਦਾ ਹੈ, ਕਦੀ ਕਦਾਈਂ ਪੇਸ਼ਾਵਰ ਵਿਅਕਤੀਆਂ ਜਿਵੇਂ ਕਿ ਜੀ.ਪੀ., ਅਧਿਆਪਕਾਂ ਅਤੇ ਹੈਲਥ ਵਿਜ਼ਿਟਰਾਂ ਨਾਲ ਵੀ।

## ਨੈਸ਼ਨਲ ਆਟਿਸਟਿਕ ਸੋਸਾਇਟੀ ਵਲੋਂ

ਨੈਸ਼ਨਲ ਆਟਿਸਟਿਕ ਸੋਸਾਇਟੀ 1962 ਵਿਚ ਮਾਪਿਆਂ ਦੇ ਇਕ ਗਰੁੱਪ ਦੇ ਉੱਦਮ ਨਾਲ ਕਾਇਮ ਹੋਈ ਸੀ, ਅਤੇ ਬਾਅਦ ਵਿਚ, ਇਸ ਮਾਮਲੇ ਵਿਚ ਦਿਲਚਸਪੀ ਰੱਖਣ ਵਾਲੇ ਪੇਸ਼ਾਵਰ ਵਿਅਕਤੀ ਵੀ ਸ਼ਾਮਲ ਹੋ ਗਏ। ਅੱਜ ਸੋਸਾਇਟੀ ਕਈ ਸੇਵਾਵਾਂ ਉਪਲਬੱਧ ਕਰਾਉਂਦੀ ਹੈ। ਅਸੀਂ :

- ਆਟਿਜ਼ਮ ਸੰਬੰਧੀ ਅਤੇ ਆਟਿਜ਼ਮ ਵਾਲੇ ਲੋਕਾਂ ਦੀ ਵਿਦਿਆ ਅਤੇ ਵੇਖਭਾਲ ਸੰਬੰਧੀ ਕਈ ਪ੍ਰਕਾਸ਼ਨਾਂ ਅਤੇ ਤੱਥਾਂ ਬਾਰੇ ਪਤਰ ਤਿਆਰ ਕਰਦੇ ਹਾਂ
- ਦੇਸ਼ ਭਰ ਵਿਚ ਸਥਾਨਕ ਸੋਸਾਇਟੀਆਂ ਅਤੇ ਪਰਿਵਾਰਾਂ ਦੀ ਸਹਾਇਤਾ ਕਰਦੇ ਹਾਂ
- ਸਾਡੀ ਪਰਿਵਾਰਕ ਸੇਵਾਵਾਂ ਦੇ ਵਰਕਰਾਂ ਦੀ ਇਕ ਛੋਟੀ ਟੀਮ ਹੈ, ਜੋ ਵਿਧਾਨਕ ਖੇਤਰ, ਮਾਪਿਆਂ, ਵੇਖਭਾਲ ਕਰਨ ਵਾਲਿਆਂ ਅਤੇ ਆਟਿਜ਼ਮ ਵਾਲੇ ਲੋਕਾਂ ਵਿਚਕਾਰ ਤਾਲਮੇਲ ਰੱਖਦੀ ਹੈ
- ਮੈਂਬਰਾਂ ਲਈ ਇਕ ਰਸਾਲਾ; *'ਕਮਿਊਨੀਕੇਸ਼ਨ'* ਅਤੇ ਮੈਂਬਰਾਂ ਲਈ ਇਕ ਨਿਊਜ਼ਲੈਟਰ ਸਾਲ ਵਿਚ ਤਿੰਨ ਵਾਰੀ ਕਢਦੇ ਹਾਂ
- ਆਟਿਜ਼ਮ ਵਾਲੇ ਲੋਕਾਂ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਦੀ ਟ੍ਰੇਨਿੰਗ ਲਈ, ਬਰਤਾਨੀਆ ਭਰ ਵਿਚ ਨਿਯਮਤ ਰੂਪ ਵਿਚ ਸੈਮੀਨਾਰ ਅਤੇ ਕਾਨਫ਼ਰੰਸਾਂ ਕਰਵਾਉਂਦੇ ਹਾਂ
- ਸਾਡੀ ਇਕ ਹਵਾਲਾ ਲਾਇਬ੍ਰੇਰੀ ਹੈ, ਜਿਸ ਦੀ ਮਾਤਾ-ਪਿਤਾ, ਅਪਾਇੰਟਮੈਂਟ ਲੈ ਕੇ ਵਰਤੋਂ ਕਰ ਸਕਦੇ ਹਨ
- ਸਥਾਨਕ ਸੋਸਾਇਟੀਆਂ ਨਾਲ ਰੱਲ ਕੇ, ਬਾਲਗ਼ਾਂ ਲਈ ਸਕੂਲ ਅਤੇ ਸੇਵਾਵਾਂ ਚਲਾਉਂਦੇ ਹਾਂ
- ਖੋਜ ਨੂੰ ਉਤਸ਼ਾਹ ਦਿੰਦੇ ਹਾਂ
- Elliot House, ਸਮਾਜਕ ਅਤੇ ਬੋਲਚਾਲ ਦੇ ਵਿਗਾੜਾਂ ਸੰਬੰਧੀ ਸੈਂਟਰ (The Centre for Social and Communication Disorders), ਦੀ ਸਹਾਇਤਾ ਕਰਦੇ ਹਾਂ, ਜੋ ਤਸ਼ਖ਼ੀਸ, ਜਾਇਜ਼ੇ, ਪੇਸ਼ਾਵਰਾਨਾ ਟ੍ਰੇਨਿੰਗ ਅਤੇ ਖੋਜ ਦੀਆਂ ਸਹੂਲਤਾਂ ਪੇਸ਼ ਕਰਦਾ ਹੈ
- ਸਾਡੀ, ਵਿਕਾਸ ਅਫ਼ਸਰਾਂ ਦੀ ਇਕ ਛੋਟੀ ਟੀਮ ਹੈ, ਜਿਸ ਨਾਲ, ਆਟਿਜ਼ਮ ਵਾਲੇ ਲੋਕਾਂ ਵਾਸਤੇ ਸੇਵਾਵਾਂ ਦਾ ਵਿਕਾਸ ਅਤੇ ਪਸਾਰ ਕਰਨ ਦੇ ਚਾਹਵਾਨ ਸਥਾਨਕ ਅਧਿਕਾਰੀ ਸਭ ਤੋਂ ਪਹਿਲਾਂ ਸੰਪਰਕ ਕਰ ਸਕਦੇ ਹਨ।

***ਵਾਧੂ ਮਦਦ ਅਤੇ ਸਲਾਹ ਦਾ ਸ੍ਰੋਤ ਤੁਹਾਡਾ ਸਮਾਜਕ ਸੇਵਾ ਦਾ ਡਿਪਾਰਟਮੈਂਟ ਹੈ : ਇੱਕ ਸੋਸ਼ਲ ਵਰਕਰ ਤੁਹਾਨੂੰ ਤੁਹਾਡੇ ਖੇਤਰ ਵਿੱਚ ਉਪਲਬਧ ਸੇਵਾਵਾਂ ਬਾਰੇ ਦਸਣ ਦੇ ਯੋਗ ਹੋਵੇਗਾ/ਹੋਵੇਗੀ।***

## ਸੰਪਰਕ

The National Autistic Society
393 City Road
London
EC1V 1NG
ਟੈਲੀਫ਼ੋਨ : 020 7833 2299
ਫ਼ੈਕਸ : 020 7833 9666
ਈ-ਮੇਲ : nas@nas.org.uk
www.nas.org.uk

---

NAS Scotland
Central Chamber First Floor
109 Hope Street
Glasgow, G2 6LL
ਟੈਲੀਫ਼ੋਨ : 0141 221 8090
ਫ਼ੈਕਸ : 0141 221 8118
ਈ-ਮੇਲ : scotland@nas.org.uk

---

NAS Wales
William Knox House
Suite C1, Britannic Way
Llandarcy, Neath
SA10 6EL
ਟੈਲੀਫ਼ੋਨ : 01792 815915
ਫ਼ੈਕਸ : 01792 815911
ਈ-ਮੇਲ : wales@nas.org.uk

---

NAS Services Division
Church House
Church Road, Filton
Bristol, BS34 7BD
ਟੈਲੀਫ਼ੋਨ : 0117 974 8400
ਫ਼ੈਕਸ : 0117 987 2576
ਈ-ਮੇਲ : services@nas.org.uk

---

The Centre for Social and Communication Disorders
Elliot House
113 Masons Hill, Bromley
Kent, BR2 9HT
ਟੈਲੀਫ਼ੋਨ : 020 8466 0098
ਫ਼ੈਕਸ : 020 8466 0118
ਈ-ਮੇਲ : elliot.house@nas.org.uk

***ਨੈਸ਼ਨਲ ਆਟਿਸਟਿਕ ਸੋਸਾਇਟੀ ਵਲੋਂ***
***ਆਟਿਜ਼ਮ ਵਾਲੇ ਲੋਕਾਂ ਲਈ ਇਕ ਉਜਲੇ ਭਵਿੱਖ ਦਾ ਨਿਰਮਾਣ***

# ਆਟਿਜ਼ਮ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇਹ ਫ਼ਾਰਮ ਭਰੋ

ਟਾਈਟਲ (Mr/Mrs/Ms/Miss) ______________________________

ਨਾਂਅ ਦੇ ਪਹਿਲੇ ਅੱਖਰ ______________ ਉਪਨਾਂਅ ______________

ਪਤਾ ______________________________

______________________________

______________ ਡਾਕਕੋਡ ______________

ਕੀ ਤੁਸੀਂ ਹੋ : ☐ ਮਾਤਾਪਿਤਾ/ਵੇਖਭਾਲ ਕਰਨ ਵਾਲੇ ☐ ਪੇਸ਼ਾਵਰ ☐ ਹੋਰ

ਮੈਨੂੰ ਨਿਮਨਲਿਖਿਤ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ :

☐ ਕੋਰਸਾਂ/ਕਾਨਫ਼ਰੰਸਾਂ ☐ ਸਥਾਨਕ ਗਰੁੱਪਾਂ/ਬ੍ਰਾਂਚਾਂ/ਸੋਸਾਇਟੀਆਂ ☐ ਪ੍ਰਕਾਸ਼ਨਾਂ

☐ ਮੈਂਬਰਸ਼ਿਪ ☐ N A S ਦੀ ਮੈਗਜ਼ੀਨ, *ਕਮਿਊਨਿਕੇਸ਼ਨ*

ਮੈਂ ਚੰਦੇ ਵਜੋਂ ਦੇਣਾ ਚਾਹੁੰਦਾ ਹਾਂ : ______________ (ਕਿਰਪਾ ਕਰਕੇ ਰਕਮ ਭਰੋ)

ਮੈਂ ਇਕ ਚੈਕ/ਪੋਸਟਲ ਆਰਡਰ ਨੱਥੀ ਕਰ ਰਿਹਾ ਹਾਂ, ਜਿਸਦੀ ਰਕਮ ਮਿਲੇ :

The National Autistic Society ਨੂੰ

ਜਾਂ

ਕਿਰਪਾ ਕਰਕੇ ਰਕਮ ਲਉ ਮੇਰੇ ਐਕਸੈਸ/ਵਿਜ਼ਾ ਕਾਰਡ ਤੋਂ

ਮਿਆਦ ਪੁਗਣ ਦੀ ਤਾਰੀਖ਼ ☐☐☐☐

ਕਾਰਡ ਨੰਬਰ ☐☐☐☐☐☐☐☐☐☐☐☐☐☐☐☐

ਦਸਤਖ਼ਤ ______________________________

ਤਾਰੀਖ਼ ______________ ਸਾਰੇ ਚੰਦੇ ਧੰਨਵਾਦ ਸਹਿਤ ਵਸੂਲ ਕੀਤੇ ਜਾਂਦੇ ਹਨ।

ਕਿਰਪਾ ਕਰਕੇ ਇਸ ਫ਼ਾਰਮ ਨੂੰ ਇਸ ਪਤੇ ਤੇ ਵਾਪਿਸ ਭੇਜੋ :

The National Autistic Society,
393 City Road, London EC1V 1NG

ਆਟਿਸਟਿਕ ਸੋਸਾਈਟੀ ਇਕ ਕੰਪਨੀ ਹੈ ਜਿਹੜੀ ਗਾਰੰਟੀ ਦੁਆਰਾ ਸੀਮਿਤ ਹੈ। ਇੰਗਲੈਂਡ ਵਿੱਚ ਰਜਿਸਟਰਡ ਨੰਬਰ 1205298 ਹੈ।
ਰਜਿਸਟਰਡ ਆਫ਼ਿਸ 393 City Road, London EC1V 1NG ਵਿਖੇ ਹੈ। ਚੈਰਿਟੀ ਦੇ ਤੌਰ ਤੇ ਰਜਿਸਟਰਡ ਨੰਬਰ 269425 ਹੈ।